# PUNJABI

(ਅਪ੍ਰੈਲ 2024 ਤੋਂ ਮਾਰਚ 2025)

**Code No - 104**

**Class XI**

ਲਿਖਤੀ ਪਰੀਖਿਆ - 80 ਅੰਕ
ਆਂਤਰਿਕ ਮੁਲਾਂਕਣ - 20 ਅੰਕ
ਕੁੱਲ - 100 ਅੰਕ

*ਲਿਖਤੀ ਪਰੀਖਿਆ ਲਈ ਸਮਾਂ 3 ਘੰਟੇ*

ਸੀਨੀਅਰ ਸੈਕੰਡਰੀ ਪੱਧਰ 'ਤੇ ਪੰਜਾਬੀ ਪੜ੍ਹਨ ਵਾਲ਼ੇ ਵਿਦਿਆਰਥੀ, ਦਸਵੀਂ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਕਰ ਆਏ ਹਨ। ਉਹਨਾਂ ਦੇ ਗਿਆਨ ਦਾ ਘੇਰਾ, ਘਰ-ਪਰਿਵਾਰ, ਸਕੂਲ, ਪ੍ਰਾਂਤ ਅਤੇ ਦੇਸ ਤੋਂ ਅੱਗੇ ਕੌਮਾਂਤਰੀ ਪੱਧਰ ਤੱਕ ਫੈਲ ਚੁੱਕਿਆ ਹੈ। ਉਹ ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪਰਿਪੇਖ ਵਿੱਚ ਆਪਣੀ ਸੋਚ ਵਿਕਸਤ ਕਰ ਰਹੇ ਹਨ। ਉਹ ਸਾਹਿਤ ਦੇ ਰੂਪਾਂ ਅਤੇ ਰੂਪਾਕਾਰਾਂ ਬਾਰੇ ਵੀ ਜਾਣਦੇ ਹਨ। ਉਹਨਾਂ ਦਾ ਵਿਆਕਰਨ ਦਾ ਗਿਆਨ ਕਾਫ਼ੀ ਚੰਗੇਰਾ ਹੋ ਚੁੱਕਿਆ ਹੈ। ਉਹ ਖ਼ੁਦ ਕਿਸ਼ੋਰ ਹੋ ਗਏ ਹਨ, ਸੋ ਭਾਸ਼ਾ ਦੀ ਸਹੀ ਰੂਪ ਵਿੱਚ ਵਰਤੋਂ ਉਹਨਾਂ ਦੀ ਸ਼ਖ਼ਸ਼ੀਅਤ ਤੇ ਬੌਧਿਕ ਵਿਕਾਸ ਵਿੱਚ ਸਹਾਈ ਹੋ ਰਹੀ ਹੈ। ਪੰਜਾਬੀ ਭਾਸ਼ਾ ਦਾ ਅਧਿਐਨ ਹੀ ਨਹੀਂ ਮੌਲਿਕ ਲੇਖਣ ਅਤੇ ਮੌਖਿਕ ਪ੍ਰਗਟਾਅ ਵੀ ਉਹਨਾਂ ਨੂੰ ਖ਼ੁਸ਼ੀ ਪ੍ਰਦਾਨ ਕਰਦਾ ਹੈ। ਸੋ ਪਾਠ-ਕ੍ਰਮ ਵਿੱਚ ਇਹ ਯਤਨ ਕੀਤਾ ਗਿਆ ਹੈ ਕਿ ਵਿਦਿਆਰਥੀ ਆਪਣੇ ਖਿਲਰੇ-ਪੁਲਰੇ ਵਿਚਾਰਾਂ ਨੂੰ ਬੜੇ ਸਰਲ, ਸਹਿਜ ਤੇ ਮੌਲਿਕ ਰੂਪ ਵਿੱਚ ਪੇਸ਼ ਕਰਨ ਦੀ ਸਮਰੱਥਾ ਵਧਾ ਸਕੇ।

ਵਿਸ਼ਵ ਪੱਧਰ 'ਤੇ ਪੰਜਾਬੀ ਭਾਸ਼ਾ ਪ੍ਰਫੁਲਿਤ ਹੋ ਚੁੱਕੀ ਹੈ। ਜਿਸ ਸਦਕਾ ਵਿੱਦਿਆ ਦੇ ਖੇਤਰ ਵਿੱਚ ਸੰਸਾਰ ਪੱਧਰ ਦੀਆਂ ਭਾਸ਼ਾਵਾਂ ਨੇ ਜਿਵੇਂ-ਜਿਵੇਂ ਅੰਤਰਰਾਸ਼ਟਰੀ ਮੰਚ ਉੱਤੇ ਆਪਣਾ ਪ੍ਰਭਾਵ ਪਾਇਆ ਹੈ। ਉਸੇ ਤਰ੍ਹਾਂ ਪੰਜਾਬੀ ਭਾਸ਼ਾ ਨੇ ਵੀ ਆਪਣੇ ਸੱਭਿਆਚਾਰ ਤੇ ਸੰਸਕ੍ਰਿਤੀ ਨਾਲ਼ ਵਿਸ਼ਵੀਕਰਨ ਦੇ ਦੌਰ ਵਿੱਚ ਆਪਣਾ ਨਿਵੇਕਲਾ ਸਥਾਨ ਬਣਾਇਆ ਹੈ।

ਭਾਸ਼ਾ ਦੇ ਪ੍ਰਗਟਾਅ ਲਈ ਸੀ.ਬੀ.ਐੱਸ.ਈ. ਨੇ ਵੀ ਅਹਿਮ ਉਪਰਾਲਾ ਕਰਕੇ, ਉਚੇਚੇ ਤੇ ਵਿਸ਼ੇਸ਼ ਢੰਗ ਨਾਲ਼ ਪਾਠ-ਕ੍ਰਮ ਵਿੱਚ ਬਦਲਾਓ ਲਿਆਉਂਦੇ ਹੋਏ 20 **ਅੰਕਾਂ ਦੇ ਆਂਤਰਿਕ ਮੁਲਾਂਕਣ** ਨਾਲ਼, ਵਿਅਕਤੀਗਤ ਪੜਚੋਲ ਰਾਹੀਂ ਵਿਦਿਆਰਥੀ ਦੀ ਸ਼ਖ਼ਸ਼ੀਅਤ ਨੂੰ ਉਭਾਰਨ ਦਾ ਉਪਰਾਲਾ ਕੀਤਾ ਹੈ। 80 **ਅੰਕ** ਪਰੰਪਰਾ ਨੂੰ ਅੱਗੇ ਤੋਰਦੇ ਹੋਏ **ਲਿਖਤੀ ਪਰੀਖਿਆ** ਲਈ ਰਾਖਵੇਂ ਰੱਖੇ ਗਏ ਹਨ।

ਪੰਜਾਬੀ ਭਾਸ਼ਾ ਦਾ ਵਿਸ਼ੇਸ਼ ਦਰਜਾ ਹੋਣ ਕਾਰਨ ਵਿਦਿਆਰਥੀ ਦਾ **ਆਂਤਰਿਕ ਮੁਲਾਂਕਣ ਪਰੀਖਿਅਕ** ਵੱਲੋਂ ਕੀਤਾ ਜਾਣਾ ਜ਼ਰੂਰੀ ਹੈ।

**PUNJABI**
**(2024-25)**
**Code No - 104**
**Class XI**

## 1. ਸਲਾਨਾ ਲਿਖਤੀ ਪਰੀਖਿਆ

**(Year End Written Exam - 80 Marks)**

| ਇਕਾਈ /ਸਿੱਖਣ ਦਾ ਖੇਤਰ | ਅੰਕ | | ਪੀਰੀਅਡ | |
|---|---|---|---|---|
| **ਭਾਸ਼ਾ** | | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 8 | 51 | 10 | |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 15 | | | |
| (ੲ) ਅਨੁਵਾਦ ਅਤੇ ਵਿਆਕਰਨ | 28 | | 50 | |
| **ਪੰਜਾਬੀ ਲੋਕ-ਸਾਹਿਤ** | 29 | | | |

## 2. ਆਂਤਰਿਕ ਮੁਲਾਂਕਣ

**(Internal Assesment - 20 Marks)**

| | |
|---|---|
| 1. ਪ੍ਰੋਜੈਕਟ (PROJECT) | 10 ਅੰਕ |
| 2. ਸੁਣਨ ਅਤੇ ਬੋਲਣ ਆਧਾਰਿਤ ਕਿਰਿਆਵਾਂ | 10 ਅੰਕ |

### ਭਾਸ਼ਾ

**ਅਡਵਾਂਸ ਪੜ੍ਹਨ ਕੌਸ਼ਲ** 23

(1) ਜਾਣਕਾਰੀ ਭਰਪੂਰ **ਇੱਕ ਅਣਡਿੱਠਾ** ਪੈਰਾ ਤੇ ਉਸ ਨਾਲ਼ ਸੰਬੰਧਿਤ 8 ਬਹੁ-ਵਿਕਲਪੀ ਪ੍ਰਸ਼ਨ (8X1)=8

**ਪ੍ਰਭਾਵਸ਼ਾਲੀ ਲਿਖਣ-ਕੌਸ਼ਲ**

ਇਸ ਵਿੱਚ ਵੱਖ-ਵੱਖ ਪ੍ਰਸ਼ਨ ਹੇਠ ਲਿਖੇ ਅਨੁਸਾਰ ਪੁੱਛੇ ਜਾਣਗੇ

(2) ਅਖ਼ਬਾਰਾਂ ਦੇ ਸੰਪਾਦਕ ਨੂੰ ਪੱਤਰ (**ਚੋਣ ਆਧਾਰਿਤ**) 7

(3) ਸਮਾਜਿਕ, ਸੱਭਿਆਚਾਰਕ ਅਤੇ ਮਨੋਰੰਜਨ ਵਿਸ਼ੇ ਸੰਬੰਧੀ 200-225 ਸ਼ਬਦਾਂ 'ਚ ਲੇਖ 8

(**ਚੋਣ ਆਧਾਰਿਤ**)

**ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਅਤੇ ਵਿਆਕਰਨ :-** **28**

*(ਲਾਜ਼ਮੀ ਪੰਜਾਬੀ 11 ਪਾਠ-ਪੁਸਤਕ ਵਿੱਚ ਦਰਜ ਸ਼ਬਦਾਂ/ਵਾਕਾਂ 'ਤੇ ਆਧਾਰਿਤ)*

(4) ਦਫ਼ਤਰੀ ਸ਼ਬਦਾਵਲੀ (ਅਤਿ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ) (ਚੋਣ ਆਧਾਰਿਤ) 5X1=5

(5) ਵੱਖ-ਵੱਖ ਵਿਸ਼ਿਆਂ ਨਾਲ਼ ਸੰਬੰਧਿਤ ਸ਼ਬਦਾਵਲੀ (ਅਤਿ ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ) (ਚੋਣ ਆਧਾਰਿਤ) 5X1=5

(6) ਬੈਂਕ, ਰੇਲਵੇ, ਡਾਕ, ਬੀਮਾ-ਸੇਵਾਵਾਂ ਤੇ ਕੰਪਿਊਟਰ ਨਾਲ਼ ਸੰਬੰਧਿਤ ਵਾਕ
*(ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ)* (ਚੋਣ ਆਧਾਰਿਤ) 4X2=8

(7) ਮੁਹਾਵਰੇ (ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਉਣਾ) (ਚੋਣ ਆਧਾਰਿਤ) 5X1=5
*(ਲਾਜ਼ਮੀ ਪੰਜਾਬੀ 11 ਪਾਠ-ਪੁਸਤਕ ਵਿੱਚ ਦਰਜ ਮੁਹਾਵਰਿਆਂ 'ਤੇ ਆਧਾਰਿਤ)*

(8) ਇਸ਼ਤਿਹਾਰ/ਸੱਦਾ-ਪੱਤਰ (ਚੋਣ ਆਧਾਰਿਤ) (50 ਸ਼ਬਦਾਂ ਵਿੱਚ) 5

**ਪੰਜਾਬੀ ਲੋਕ-ਸਾਹਿਤ** *(ਲਾਜ਼ਮੀ ਪੰਜਾਬੀ 11 ਪਾਠ-ਪੁਸਤਕ 'ਤੇ ਆਧਾਰਿਤ)* **29**

(9) ਲੋਕ-ਗੀਤਾਂ (ਸੁਹਾਗ, ਘੋੜੀਆਂ, ਸਿੱਠਣੀਆਂ, ਟੱਪਾ) ਵਿੱਚੋਂ ਚੋਣਵੀਆਂ ਸਤਰਾਂ 'ਤੇ ਆਧਾਰਿਤ ਬਹੁ-ਵਿਕਲਪੀ ਉੱਤਰਾਂ ਵਾਲ਼ੇ ਪ੍ਰਸ਼ਨ *(ਚੋਣ ਆਧਾਰਿਤ)* 6X1=6

(10) ਲੋਕ-ਗੀਤਾਂ (ਬੋਲੀਆਂ, ਢੋਲਾ, ਮਾਹੀਆ, ਬੁਝਾਰਤਾਂ) ਵਿੱਚੋਂ ਚੋਣਵੀਆਂ ਸਤਰਾਂ 'ਤੇ ਆਧਾਰਿਤ ਬਹੁ-ਵਿਕਲਪੀ ਉੱਤਰਾਂ ਵਾਲ਼ੇ ਪ੍ਰਸ਼ਨ (ਚੋਣ ਆਧਾਰਿਤ) 6X1=6

(11) ਲੋਕ-ਗੀਤਾਂ 'ਤੇ 40-50 ਸ਼ਬਦਾਂ ਵਿੱਚ ਸੰਖੇਪ ਉੱਤਰ ਵਾਲ਼ੇ ਪ੍ਰਸ਼ਨ (ਚੋਣ ਆਧਾਰਿਤ) 3X3=9

(12) ਦੰਤ-ਕਥਾਵਾਂ ਅਤੇ ਪ੍ਰੀਤ ਕਥਾਵਾਂ 'ਤੇ 25-30 ਸ਼ਬਦਾਂ ਵਿੱਚ ਛੋਟੇ ਉੱਤਰ ਵਾਲ਼ੇ ਪ੍ਰਸ਼ਨ (ਚੋਣ ਆਧਾਰਿਤ) 4X2=8

**ਨਿਰਧਾਰਿਤ ਪਾਠ-ਪੁਸਤਕ : ਲਾਜ਼ਮੀ ਪੰਜਾਬੀ 11 (ਪੰਜਾਬ ਸਕੂਲ ਸਿੱਖਿਆ ਬੋਰਡ)**

ਨੋਟ - ਲਾਜ਼ਮੀ ਪੰਜਾਬੀ 11 ਪਾਠ-ਪੁਸਤਕ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਵੱਲੋਂ ਪ੍ਰਕਾਸ਼ਤ ਕੀਤਾ ਗਿਆ ਹੈ। ਇਹ ਪੁਸਤਕ ਬੋਰਡ ਦੀ ਵੈੱਬਸਾਈਟ : www.pseb.ac.in 'ਤੇ ਵੀ ਉਪਲਬਧ ਹੈ।

## ਗਿਆਰ੍ਹਵੀਂ ਜਮਾਤ ਵਿੱਚ ਪੰਜਾਬੀ ਵਿਸ਼ੇ ਦੀਆਂ ਗਤੀਵਿਧੀਆਂ ਅਤੇ ਮੁਲਾਂਕਣ

## Guidelines for Activities and Evaluation

# ਪ੍ਰੋਜੈਕਟ (PROJECT)

## ਲਈ ਦਿਸ਼ਾ ਨਿਰਦੇਸ਼

1. ਅਧਿਆਪਕ ਵਿਦਿਆਰਥੀ ਨੂੰ **ਦੋ ਵਿਸ਼ਿਆਂ** ਵਿੱਚੋਂ **ਕਿਸੇ ਇੱਕ** 'ਤੇ ਪ੍ਰੋਜੈਕਟ ਤਿਆਰ ਕਰਨ ਲਈ ਦਿਸ਼ਾ ਨਿਰਦੇਸ਼ ਜਾਰੀ ਕਰੇਗਾ।
2. ਇਹ ਪ੍ਰੋਜੈਕਟ ਤਸਵੀਰਾਂ ਸਹਿਤ ਲਿਖਤੀ ਰੂਪ ਵਿੱਚ 10 ਤੋਂ 15 ਪੰਨਿਆਂ ਦਾ ਹੋਵੇਗਾ।
3. ਅਧਿਆਪਕ ਵਿਦਿਆਰਥੀ ਨੂੰ ਪ੍ਰੋਜੈਕਟ ਦੀ ਚੋਣ ਲਈ ਸਹਾਇਤਾ ਕਰੇਗਾ।
4. ਅਧਿਆਪਕ ਸਮੇਂ-ਸਮੇਂ 'ਤੇ ਪ੍ਰੋਜੈਕਟ ਦਾ ਨਿਰੀਖਣ ਕਰੇਗਾ।
5. ਅਧਿਆਪਕ ਵਿਦਿਆਰਥੀ ਨੂੰ ਹਰੇਕ ਪੱਖ ਤੋਂ ਸਲਾਹ ਦੇ ਕੇ ਖੋਜ ਕਰਨ ਲਈ ਪ੍ਰੇਰਿਤ ਕਰੇਗਾ।
6. ਅਧਿਆਪਕ ਇਹ ਯਕੀਨੀ ਬਣਾਏਗਾ ਕਿ ਪ੍ਰੋਜੈਕਟ ਰਾਹੀਂ ਵਿਦਿਆਰਥੀ ਕੁਝ ਸਿੱਖ ਰਿਹਾ ਹੈ। ਜੇਕਰ ਵਿਦਿਆਰਥੀ ਨੂੰ ਪ੍ਰੋਜੈਕਟ ਸੰਬੰਧੀ ਪ੍ਰਸ਼ਨ ਪੁੱਛੇ ਜਾਣ ਤਾਂ ਉਹ ਤਸੱਲੀ-ਬਖ਼ਸ਼ ਜਵਾਬ ਦੇ ਸਕੇ।
7. ਅਧਿਆਪਕ ਵਿਦਿਆਰਥੀ ਦੇ ਪ੍ਰੋਜੈਕਟ ਦਾ ਨਿਰੀਖਣ ਕਰਨ ਲਈ ਕਲਾਸ ਰੂਮ ਵਿੱਚ ਪ੍ਰਬੰਧ ਕਰੇਗਾ।
8. ਅਧਿਆਪਕ ਇਹ ਸੁਨਿਸ਼ਚਿਤ ਕਰੇਗਾ ਕਿ ਵਿਦਿਆਰਥੀ ਨੇ ਉਸ ਪ੍ਰੋਜੈਕਟ ਬਾਰੇ ਹਰ ਪੱਖ ਤੋਂ ਜਾਣਕਾਰੀ ਹਾਸਲ ਕਰ ਲਈ ਹੈ।

## ਪ੍ਰੋਜੈਕਟ ਬਣਾਉਣ ਦਾ ਉਦੇਸ਼

1. ਵਿਦਿਆਰਥੀ ਨੂੰ ਬਹੁ-ਪੱਖੀ ਖੋਜ ਕਰਨ ਲਈ ਪ੍ਰਤਿਭਾਸ਼ਾਲੀ ਤੇ ਨਿਪੁੰਨ ਬਣਾਉਣਾ ਹੈ।
2. ਅਧਿਆਪਕ ਨੇ ਵਿਦਿਆਰਥੀ ਨੂੰ ਪ੍ਰੋਜੈਕਟ ਬਣਾਉਣ ਲਈ ਮੌਕੇ ਮੁਹੱਈਆ ਕਰਾਉਣੇ ਹਨ। ਜਿਨ੍ਹਾਂ ਰਾਹੀਂ ਵਿਦਿਆਰਥੀ ਨੇ ਆਪਣੀ ਤੇ ਆਲ਼ੇ-ਦੁਆਲ਼ੇ ਦੀ ਜਾਣਕਾਰੀ ਦੇ ਨਾਲ਼-ਨਾਲ਼ ਸ਼ਖਸ਼ੀਅਤ ਦਾ ਵੀ ਨਿਖਾਰ ਕਰਨਾ ਹੈ।
3. ਵਿਦਿਆਰਥੀ ਨੇ ਇਸ ਪ੍ਰੋਜੈਕਟ ਦੁਆਰਾ ਦੇਸ ਵਿੱਚ ਹੀ ਨਹੀਂ ਵਿਦੇਸ਼ ਵਿੱਚ ਵੀ ਪਛਾਣ ਬਣਾਉਣੀ ਹੈ।
4. ਵਿਦਿਆਰਥੀ ਨੂੰ ਪ੍ਰੋਜੈਕਟ ਰਾਹੀਂ ਦਲੀਲ ਭਰਪੂਰ ਤਕਨੀਕ ਤੋਂ ਜਾਣੂ ਕਰਾਉਣਾ ਹੈ।
5. ਪ੍ਰੋਜੈਕਟ ਰਾਹੀਂ ਅਧਿਆਪਕ ਵਿਦਿਆਰਥੀਆਂ ਵਿੱਚ ਮੁਕਾਬਲੇ ਦੀ ਸਿਹਤਮੰਦ ਭਾਵਨਾ ਨੂੰ ਉਜਾਗਰ ਕਰੇਗਾ।
6. ਵਿਦਿਆਰਥੀਆਂ ਦੀ ਸ਼ਖਸ਼ੀਅਤ ਨੂੰ ਬਹੁ-ਅਯਾਮੀ ਪੱਖ ਤੋਂ ਵਿਸ਼ਵ-ਵਿਆਪੀ ਬਣਾਉਣਾ ਹੈ।

## ਪ੍ਰੋਜੈਕਟ ਦੀ ਸੰਭਾਵਨਾਵਾਂ ਬਾਰੇ ਅਧਿਆਪਕ ਵਿਦਿਆਰਥੀਆਂ ਨੂੰ ਸੇਧ ਦੇਵੇਗਾ

1. ਜਾਣ-ਪਛਾਣ
2. ਵਿਸ਼ੇ ਬਾਰੇ ਵਿਸਤਾਰ ਸਹਿਤ ਜਾਣਕਾਰੀ
3. ਵਿਸ਼ੇ ਦੀ ਸਾਰਥਕਤਾ ਤੇ ਸੰਭਾਵਨਾਵਾਂ
4. ਪ੍ਰੋਜੈਕਟ ਦਾ ਆਲੋਚਨਾਤਮਿਕ ਪੱਖ
5. ਵਿਦਿਆਰਥੀ ਦੇ ਪ੍ਰੋਜੈਕਟ ਬਾਰੇ ਵਿਚਾਰ ਤੇ ਸੁਝਾਅ

**ਪੂਰਾ ਸਾਲ ਵਿਦਿਆਰਥੀ ਨੂੰ ਪਰਖਣ ਦੇ ਆਧਾਰ ’ਤੇ ਜਿਵੇਂ ਬੋਲ-ਚਾਲ, ਪ੍ਰਸ਼ਨ-ਉੱਤਰ ਤੇ ਦਲੀਲ ਭਰਪੂਰ ਜਾਣਕਾਰੀ**

**ਵੱਖਰੇ-ਵੱਖਰੇ ਵਿਸ਼ਿਆਂ ਤੋਂ ਲਏ ਗਏ ਅੰਕਾਂ ਨੂੰ ਸਾਹਮਣੇ ਰੱਖ ਕੇ ਵਿਦਿਆਰਥੀ ਦਾ ਮੁਲਾਂਕਣ**

**ਸੰਸਥਾ ਦੇ ਸਾਰੇ ਵਿਦਿਆਰਥੀਆਂ ਨੂੰ ਸਾਹਮਣੇ ਰੱਖ ਕੇ ਵਿਦਿਆਰਥੀ ਦਾ ਮੁਲਾਂਕਣ**

### ਅੰਕ ਮੁਲਾਂਕਣ

| | |
|---|---|
| 1. ਸਹੀ ਵਿਸ਼ਾ ਚੋਣ ਤੇ ਪੇਸ਼ਕਾਰੀ | 2 ਅੰਕ |
| 2. ਖੋਜ ਭਰਪੂਰ ਵਿਆਖਿਆ | 5 ਅੰਕ |
| 3. ਸ਼ਖਸ਼ੀਅਤ ਦਾ ਮੁਲਾਂਕਣ (VIVA) | 3 ਅੰਕ |
| ਕੁੱਲ | 10 ਅੰਕ |

**ਨੋਟ—ਪਰੀਖਿਅਕ ਨੇ ਉਪਰੋਕਤ ਦਿੱਤੇ ਗਏ ਸੁਝਾਅ ਅਨੁਸਾਰ ਵਿਦਿਆਰਥੀ ਦਾ ਮੁਲਾਂਕਣ ਕਰਨਾ ਹੈ।**

# ਸੁਝਾਏ ਗਏ ਪ੍ਰੋਜੈਕਟ (SUGGESTED PROJECTS)

1. ਸੱਭਿਆਚਾਰਕ ਗਤੀਵਿਧੀਆਂ (ਲੋਕ-ਨਾਚ, ਲੋਕ-ਗੀਤ, ਲੋਕ-ਬੋਲੀਆਂ)
2. ਪੁਸਤਕ ਸਮੀਖਿਆ
3. ਸਲੋਗਨ ਲੇਖਣ
4. ਪੇਂਡੂ ਅਤੇ ਸ਼ਹਿਰੀ ਜੀਵਨ
5. ਸਮਾਜਿਕ ਕੁਰੀਤੀਆਂ (ਦਾਜ, ਭਰੂਣ-ਹੱਤਿਆ, ਨਸ਼ੇ)
6. ਮਾਂ-ਬੋਲੀ (ਮਹਤੱਤਾ ਤੇ ਪ੍ਰਚਾਰ-ਪ੍ਰਸਾਰ)
7. ਪੰਜਾਬੀ ਪਹਿਰਾਵਾ
8. ਪੰਜਾਬੀ ਰਹਿਣ-ਸਹਿਣ
9. ਪੰਜਾਬੀ ਹਾਰ-ਸ਼ਿੰਗਾਰ
10. ਵਿਰਾਸਤੀ ਖੇਡਾਂ
11. ਕਰੋਨਾ-ਕਾਲ ਸਮੇਂ ਮੇਲੇ ਤੇ ਤਿਉਹਾਰ
12. ਕਰੋਨਾ-ਕਾਲ ਸਮੇਂ ਵਿਆਹ ਤੇ ਹੋਰ ਸਮਾਗਮ

**ਨੋਟ — ਅਧਿਆਪਕ ਇਹਨਾਂ ਤੋਂ ਇਲਾਵਾ ਆਪਣੀ ਸੂਝ-ਬੂਝ 'ਤੇ ਇਲਾਕਾਈ ਜ਼ਰੂਰਤਾਂ/ਖ਼ਾਸੀਅਤਾਂ ਅਨੁਸਾਰ ਹੋਰ ਵਿਸ਼ੇ ਚੁਣ ਸਕਦੇ ਹਨ।**